# ਕੌਮੀ ਨਸਲਵਾਦ-ਵਿਰੋਧੀ ਰਣਨੀਤੀ

## ਰਣਨੀਤੀ ਬਾਰੇ

2011 ਵਿੱਚ, ਆਸਟਰੇਲੀਆਈ ਸਰਕਾਰ ਨੇ ਇੱਕ ਕੌਮੀ ਨਸਲਵਾਦ-ਵਿਰੋਧੀ ਰਣਨੀਤੀ (National Anti-Racism Strategy) ਵਿਕਸਤ ਕਰਨ ਦਾ ਪ੍ਰਣ ਕੀਤਾ।

ਕੌਮੀ ਨਸਲਵਾਦ-ਵਿਰੋਧੀ ਰਣਨੀਤੀ ਦਾ ਟੀਚਾ ਹੈ:

ਆਸਟਰੇਲੀਆਈ ਭਾਈਚਾਰੇ ਵਿੱਚ ਇਸ ਬਾਰੇ ਇੱਕ ਸਪੱਸ਼ਟ ਸਮਝ ਦਾ ਪ੍ਰਚਾਰ ਕਰਨਾ ਕਿ ਨਸਲਵਾਦ ਕੀ ਹੈ, ਅਤੇ ਇਸਨੂੰ ਕਿਵੇਂ ਰੋਕਿਆ ਅਤੇ ਘੱਟ ਕੀਤਾ ਜਾ ਸਕਦਾ ਹੈ।

ਰਣਨੀਤੀ ਦੇ ਉਦੇਸ਼ ਇਹ ਹਨ:

- ਨਸਲਵਾਦ ਬਾਰੇ ਅਤੇ ਇਸ ਬਾਰੇ ਚੇਤਨਾ ਜਗਾਉਣਾ ਕਿ ਇਹ ਵਿਅਕਤੀ ਵਿਸ਼ੇਸ਼ਾਂ ਅਤੇ ਵਿਸ਼ਾਲ ਭਾਈਚਾਰੇ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀ ਹੈ
- ਨਸਲਵਾਦ ਨੂੰ ਰੋਕਣ ਅਤੇ ਘੱਟ ਕਰਨ ਲਈ ਵਧੀਆ ਪ੍ਰਥਾ ਦੀਆਂ ਪਹਿਲਕਦਮੀਆਂ ਦੀ ਪਛਾਣ ਕਰਨਾ, ਇਹਨਾਂ ਦਾ ਪ੍ਰਚਾਰ ਕਰਨਾ ਅਤੇ ਇਹਨਾਂ ਨੂੰ ਅੱਗੇ ਵਧਾਉਣਾ, ਅਤੇ
- ਨਸਲਵਾਦ ਨੂੰ ਰੋਕਣ ਅਤੇ ਘੱਟ ਕਰਨ ਲਈ ਕਾਰਵਾਈ ਕਰਨ ਵਾਸਤੇ ਅਤੇ ਜਦੋਂ ਇਹ ਵਾਪਰਦਾ ਹੈ ਤਾਂ ਮਦਦ ਪ੍ਰਾਪਤ ਕਰਨ ਵਾਸਤੇ ਭਾਈਚਾਰਿਆਂ ਅਤੇ ਵਿਅਕਤੀ ਵਿਸ਼ੇਸ਼ਾਂ ਨੂੰ ਸ਼ਕਤੀ ਸੰਪੰਨ ਬਣਾਉਣਾ।

ਇਸ ਰਣਨੀਤੀ ਦਾ ਵਿਕਾਸ ਆਸਟਰੇਲੀਆ ਦੇ ਮਨੁੱਖੀ ਅਧਿਕਾਰਾਂ ਲਈ ਕਮਿਸ਼ਨ ਵਿਖੇ ਨਸਲੀ ਭੇਦਭਾਵ ਕਮਿਸ਼ਨਰ (Race Discrimination Commissioner) ਦੀ ਆਗਵਾਨੀ ਵਾਲੀ ਇੱਕ ਭਾਈਵਾਲੀ ਦੇ ਰਾਹੀਂ ਕੀਤਾ ਗਿਆ ਹੈ। ਭਾਈਵਾਲੀ ਦੇ ਹੋਰ ਮੈਂਬਰ ਇਹ ਹਨ: ਪ੍ਰਵਾਸ ਅਤੇ ਨਾਗਰਿਕਤਾ ਵਿਭਾਗ (Department of Immigration and Citizenship), ਅਟਾਰਨੀ ਜਨਰਲ ਦਾ ਵਿਭਾਗ (Attorney-General's Department), ਪਰਿਵਾਰਾਂ, ਬਸੇਰਾ, ਭਾਈਚਾਰਕ ਸੇਵਾਵਾਂ ਅਤੇ ਦੇਸੀ ਮਾਮਲਿਆਂ ਦਾ ਵਿਭਾਗ (Department of Families, Housing, Community Services and Indigenous Affairs), ਆਸਟਰੇਲੀਅਨ ਬਹੁ-ਸੱਭਿਆਚਾਰਕ ਸੰਮਤੀ (Australian Multicultural Council), ਆਸਟਰੇਲੀਆ ਦੇ ਪਹਿਲੇ ਲੋਕਾਂ ਦੀ ਨੈਸ਼ਨਲ ਕਾਂਗਰਸ (the National Congress of Australia's First Peoples) ਆਸਟਰੇਲੀਆ ਦੇ ਨਸਲੀ ਭਾਈਚਾਰਿਆਂ ਦੀਆਂ ਸੰਮਤੀਆਂ ਦਾ ਸੰਘ (Federation of Ethnic Communities' Councils of Australia) ।

ਇਸ ਰਣਨੀਤੀ ਨੂੰ ਜੁਲਾਈ 2012 ਅਤੇ ਜੂਨ 2015 ਦੇ ਵਿਚਕਾਰ ਲਾਗੂ ਕੀਤਾ ਜਾਵੇਗਾ। ਇਹ ਜਨਤਕ ਚੇਤਨਾ, ਸਿੱਖਿਆ ਸਰੋਤਾਂ ਅਤੇ ਨੌਜਵਾਨਾਂ ਦੀ ਸ਼ਮੂਲੀਅਤ 'ਤੇ ਧਿਆਨ ਕੇਂਦਰਤ ਕਰੇਗੀ।

## ਨਸਲਵਾਦ ਕੀ ਹੈ?

ਨਸਲਵਾਦ ਬਹੁਤ ਸਾਰੇ ਰੂਪ ਧਾਰਨ ਕਰ ਸਕਦਾ ਹੈ, ਜਿਵੇਂ ਕਿ ਚੁਟਕਲੇ ਜਾਂ ਟਿੱਪਣੀਆਂ ਜੋ ਠੇਸ ਪਹੁੰਚਣ ਦਾ ਕਾਰਨ ਬਣ ਸਕਦੇ ਹਨ; ਬੁਰਾ-ਭਲਾ ਕਹਿਣਾ ਜਾਂ ਜ਼ੁਬਾਨੀ ਗਾਲੀ ਗਲੋਚ; ਪਰੇਸ਼ਾਨ ਕਰਨਾ ਜਾਂ ਧਮਕਾਉਣਾ, ਜਾਂ ਮੀਡੀਆ ਜਾਂ ਆਨਲਾਈਨ ਕਮੈਂਟਰੀ ਜੋ

ਕੁਝ ਵਿਸ਼ੇਸ਼ ਗਰੁੱਪਾਂ ਵਿਚਕਾਰ ਵੈਰ ਵਿੱਚ ਵਾਧਾ ਕਰਦੀ ਹੈ। ਆਪਣੇ ਸਭ ਤੋਂ ਗੰਭੀਰ ਰੂਪ ਵਿੱਚ, ਨਸਲਵਾਦ ਦਾ ਨਤੀਜਾ ਸਰੀਰਕ ਸ਼ੋਸ਼ਣ ਅਤੇ ਹਿੰਸਕ ਕੰਮਾਂ ਦੇ ਰੂਪ ਵਿੱਚ ਨਿਕਲ ਸਕਦਾ ਹੈ।

ਨਸਲਵਾਦ ਲੋਕਾਂ ਨੂੰ ਸੇਵਾਵਾਂ ਤੱਕ ਪਹੁੰਚ ਕਰਨ ਜਾਂ ਰੁਜ਼ਗਾਰ, ਸਿੱਖਿਆ, ਖੇਡ ਅਤੇ ਸਮਾਜਕ ਸਰਗਰਮੀਆਂ ਤੋਂ ਦੂਰ ਕਰ ਸਕਦਾ ਹੈ। ਇਹ ਸੰਸਥਾਗਤ ਪੱਧਰ 'ਤੇ ਵੀ ਅਜਿਹੀਆਂ ਨੀਤੀਆਂ ਜਾਂ ਪ੍ਰਥਾਵਾਂ ਰਾਹੀਂ ਵਾਪਰ ਸਕਦਾ ਹੈ ਜੋ ਕੁਝ ਗਰੁੱਪਾਂ ਵਾਸਤੇ ਨੁਕਸਾਨਦਾਇਕ ਹੁੰਦੀਆਂ ਹਨ।

ਨਸਲਵਾਦ ਦਾ ਸਿੱਟਾ ਵਿਭਿੰਨ ਨਸਲਾਂ ਦੇ ਲੋਕਾਂ ਵਾਸਤੇ ਮੌਕਿਆਂ, ਸਰੋਤਾਂ ਜਾਂ ਸ਼ਕਤੀ ਤੱਕ ਗੈਰ-ਬਰਾਬਰ ਪਹੁੰਚ ਦੇ ਰੂਪ ਵਿੱਚ ਨਿਕਲਦਾ ਹੈ। ਇਸ ਵਿਸ਼ਵਾਸ਼ ਦੀ ਵਰਤੋਂ ਕਿ ਕੋਈ ਵਿਸ਼ੇਸ਼ ਨਸਲ ਹੋਰਨਾਂ ਨਾਲੋਂ ਘਟੀਆ ਜਾਂ ਵਧੀਆ ਹੈ, ਕਈ ਵਾਰੀ ਇਸ ਗੈਰ-ਬਰਾਬਰਤਾ ਨੂੰ ਉਚਿਤ ਠਹਿਰਾਉਣ ਲਈ ਕੀਤੀ ਜਾਂਦੀ ਹੈ।

## ਆਸਟਰੇਲੀਆ ਵਿੱਚ ਨਸਲਵਾਦ ਦਾ ਸਾਹਮਣਾ ਕੌਣ ਕਰਦਾ ਹੈ?

ਨਸਲਵਾਦੀ ਵਿਵਹਾਰ, ਜਿਵੇਂ ਕਿ ਬੁਰਾ-ਭਲਾ ਕਹਿਣਾ ਅਤੇ ਸ਼ੋਸ਼ਣ, ਕਿਸੇ ਵੀ ਨਸਲੀ ਗਰੁੱਪ ਦੇ ਮੈਂਬਰਾਂ ਵਿਚਕਾਰ ਵਾਪਰ ਸਕਦਾ ਹੈ। ਪਰ, ਆਸਟਰੇਲੀਆ ਵਿੱਚ ਕੁਝ ਲੋਕ ਨਸਲਵਾਦ ਅਤੇ ਭੇਦਭਾਵ ਪ੍ਰਤੀ ਵਧੇਰੇ ਵਿੰਨਣਸ਼ੀਲ ਹੁੰਦੇ ਹਨ ਖਾਸ ਕਰਕੇ ਐਬੋਰੀਜੀਨਲ ਅਤੇ ਟੋਰੈੱਸ ਸਟਰੇਟ ਆਈਲੈਂਡਰ ਲੋਕ ਅਤੇ ਨਸਲੀ ਅਤੇ ਸੱਭਿਆਚਾਰਕ ਘੱਟ ਗਿਣਤੀ ਵਾਲੇ ਲੋਕ। ਕੁਝ ਧਾਰਮਿਕ ਗਰੁੱਪਾਂ ਦੇ ਮੈਂਬਰ ਵੀ ਆਪਣੀ ਨਸਲ ਜਾਂ ਸੱਭਿਆਚਾਰ ਦੇ ਕਰਕੇ ਭੇਦਭਾਵ ਦਾ ਸਾਹਮਣਾ ਕਰਦੇ ਹਨ।

## ਭਾਈਚਾਰੇ ਦੀ ਗੱਲ ਸੁਣਨਾ

ਮਾਰਚ ਅਤੇ ਮਈ 2012 ਵਿਚਕਾਰ ਅਸੀਂ ਸਾਰੇ ਆਸਟਰੇਲੀਆ ਵਿੱਚ ਲੋਕਾਂ ਨਾਲ ਗੱਲਬਾਤ ਕੀਤੀ:

- ਲੱਗਭਗ 700 ਲੋਕਾਂ ਨੇ 23 ਸਲਾਹ-ਮਸ਼ਵਰਿਆਂ ਵਿੱਚ ਹਾਜ਼ਰੀ ਭਰੀ
- ਸਾਨੂੰ 1500 ਤੋਂ ਵੱਧ ਸਰਵੇਖਣ ਅਤੇ 200 ਦਸਤਾਵੇਜ਼ ਸੌਂਪਣੀਆਂ ਪ੍ਰਾਪਤ ਹੋਈਆਂ।

ਠੋਸ ਸੁਨੇਹਾ ਜੋ ਸਾਨੂੰ ਪ੍ਰਾਪਤ ਹੋਇਆ ਉਹ ਇਹ ਸੀ ਕਿ ਨਸਲਵਾਦ ਦੇ ਖਿਲਾਫ ਕਾਰਵਾਈ ਕਰਨਾ ਬਹੁਤ ਮਹੱਤਵਪੂਰਨ ਹੈ।

ਉਹਨਾਂ ਤਰਜੀਹੀ ਖੇਤਰਾਂ ਬਾਰੇ ਵੀ ਆਮ ਸਹਿਮਤੀ ਸੀ ਜਿੰਨ੍ਹਾਂ ਵਿੱਚ ਸਾਨੂੰ ਕੰਮ ਕਰਨਾ ਚਾਹੀਦਾ ਹੈ, ਇਹਨਾਂ ਵਿੱਚ ਸ਼ਾਮਲ ਸਨ:

- ਕਾਰਜ ਸਥਾਨ
- ਪ੍ਰਚਾਰ ਸਾਧਨ
- ਸਕੂਲ ਅਤੇ ਉਚੇਰੀ ਸਿੱਖਿਆ
- ਸਰਕਾਰੀ ਸੇਵਾਵਾਂ
- ਆਨਲਾਈਨ, ਅਤੇ
- ਖੇਡ।

## ਨਸਲਵਾਦ – ਇਹ ਸਾਡੇ ਨਾਲ ਹੀ ਰੁਕਦੀ ਹੈ

ਇਹ ਰਣਨੀਤੀ ਆਸਟਰੇਲੀਆਈ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ ਨਸਲਵਾਦ ਨੂੰ ਖਤਮ ਕਰਨ ਲਈ ਕੰਮ ਕਰਨ ਵਾਸਤੇ ਸੱਦਾ ਦਿੰਦੀ ਹੈ। ਨਸਲਵਾਦ ਉਹਨਾਂ ਕਾਰਜਾਂ ਕਰਕੇ ਬੰਦ ਹੁੰਦਾ ਹੈ ਜੋ ਅਸੀਂ ਵਿਅਕਤੀ ਵਿਸ਼ੇਸ਼ਾਂ ਅਤੇ ਇੱਕ ਗਰੁੱਪ ਵਜੋਂ ਲੈਂਦੇ ਹਾਂ।

## ਅਸੀਂ ਕੀ ਕਰਾਂਗੇ

*ਨਸਲਵਾਦ ਬਾਰੇ ਅਤੇ ਵਿਅਕਤੀ ਵਿਸ਼ੇਸ਼ਾਂ ਅਤੇ ਭਾਈਚਾਰੇ ‘ਤੇ ਇਸਦੇ ਪ੍ਰਭਾਵਾਂ ਬਾਰੇ ਚੇਤਨਾ ਜਗਾਵਾਂਗੇ।*

- ਨਸਲਵਾਦ ਬਾਰੇ ਅਤੇ ਇਸ ਬਾਰੇ ਜਨਤਾ ਨੂੰ ਜਾਗਰੁਕ ਕਰਨ ਲਈ ਇੱਕ ਮੁਹਿੰਮ ਚਲਾਵਾਂਗੇ ਕਿ ਇਸਦੇ ਬਾਬਤ ਅਸੀਂ ਕੀ ਕਰ ਸਕਦੇ ਹਾਂ।
- ਨੇਤਾਵਾਂ ਨਾਲ ਕੰਮ ਕਰਾਂਗੇ ਜੋ ਰਣਨੀਤੀ ਅਤੇ ਇਸਦੀਆਂ ਸਰਗਰਮੀਆਂ ਦਾ ਪ੍ਰਚਾਰ ਕਰਨਗੇ।
- ਨਸਲਵਾਦ ਬਾਬਤ ਖੋਜ ਨੂੰ ਉਤਸ਼ਾਹਤ ਕਰਾਂਗੇ ਤਾਂ ਜੋ ਇਸਦੇ ਅਸਰਾਂ ਬਾਰੇ ਜਾਗਰੁਕਤਾ ਵਿੱਚ ਵਾਧਾ ਕੀਤਾ ਜਾ ਸਕੇ।

*ਨਸਲਵਾਦ ਨੂੰ ਰੋਕਣ ਲਈ ਵਧੀਆ ਉਦਾਹਰਨਾਂ ਨੂੰ ਅੱਗੇ ਵਧਾਵਾਂਗੇ।*

- ਅਜਿਹੀਆਂ ਨੀਤੀਆਂ ਅਤੇ ਕਾਨੂੰਨਾਂ ਦਾ ਸਮਰਥਨ ਕਰਾਂਗੇ ਜੋ ਸਾਰੇ ਨਸਲੀ ਅਤੇ ਸੱਭਿਆਚਾਰਕ ਪਿਛੋਕੜਾਂ ਵਾਲੇ ਆਸਟਰੇਲੀਅਨਾਂ ਵਾਸਤੇ ਆਦਰ ਅਤੇ ਬਰਾਬਰਤਾ ਨੂੰ ਉਤਸ਼ਾਹਤ ਕਰਦੇ ਹਨ।
- ਨਸਲਵਾਦ ਬਾਬਤ ਚੰਗੇ ਸਿੱਖਿਆ ਸਰੋਤਾਂ ਦੀ ਇੱਕ ਵੈੱਬਸਾਈਟ ਦੀ ਸਿਰਜਣਾ ਕਰਾਂਗੇ, ਜਿਸਦਾ ਫੋਕਸ ਨੌਜਵਾਨ ਲੋਕ ਹੋਣਗੇ।
- ਤਰਜੀਹੀ ਖੇਤਰਾਂ ਵਿੱਚ ਸੰਸਥਾਵਾਂ ਦੇ ਨਾਲ ਕੰਮ ਕਰਾਂਗੇ ਤਾਂ ਜੋ ਨਸਲਵਾਦ ਨਾਲ ਨਿਪਟਣ ਵਾਲੀਆਂ ਚੰਗੀਆਂ ਪਹਿਲਕਦਮੀਆਂ ਦਾ ਸਮਰਥਨ ਕੀਤਾ ਜਾ ਸਕੇ।
- ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਸਾਰੇ ਪੱਧਰਾਂ ਨਾਲ ਭਾਈਵਾਲੀਆਂ ਕਰਾਂਗੇ ਤਾਂ ਜੋ ਕੌਮੀ, ਪ੍ਰਾਂਤਕ ਅਤੇ ਸਥਾਨਕ ਪੱਧਰਾਂ ‘ਤੇ ਚੰਗੀਆਂ ਪਹਿਲਕਦਮੀਆਂ ਦਾ ਸਮਰਥਨ ਕੀਤਾ ਜਾ ਸਕੇ।

*ਨਸਲਵਾਦ ਬਾਰੇ ਜਾਣਕਾਰੀ ਅਤੇ ਸਰੋਤਾਂ ਤੱਕ ਵਿਅਕਤੀ ਵਿਸ਼ੇਸ਼ਾਂ ਅਤੇ ਭਾਈਚਾਰਿਆਂ ਨੂੰ ਪਹੁੰਚ ਪ੍ਰਦਾਨ ਕਰਾਵਾਂਗੇ ਤਾਂ ਜੋ ਉਹ ਇਹ ਜਾਣਕੇ ਹੋਰ ਵਧੇਰੇ ਵਿਸ਼ਵਾਸ਼ ਭਰਪੂਰ ਮਹਿਸੂਸ ਕਰਨ ਕਿ ਜਦ ਇਹ ਵਾਪਰਦਾ ਹੈ ਤਾਂ ਕੀ ਕਰਨਾ ਹੈ*

- ਅਜਿਹੇ ਸਰੋਤਾਂ ਨੂੰ ਉਤਸ਼ਾਹਤ ਕਰਾਂਗੇ ਜੋ ਸੰਸਥਾਵਾਂ ਅਤੇ ਪ੍ਰਣਲੀਆਂ ਵਿੱਚ ਨਸਲਵਾਦ ਦਾ ਜਵਾਬ ਦੇਣ ਲਈ ਵਿਅਕਤੀ ਵਿਸ਼ੇਸ਼ਾਂ ਅਤੇ ਭਾਈਚਾਰਿਆਂ ਦਾ ਸਮਰਥਨ ਕਰਦੇ ਹਨ
- ਨਸਲਵਾਦ ਦੇ ਖਤਰੇ ਵਾਲੇ ਵਿਅਕਤੀ ਵਿਸ਼ੇਸ਼ਾਂ ਅਤੇ ਭਾਈਚਾਰਿਆਂ ਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਾਵਾਂਗੇ ਕਿ ਕਾਨੂੰਨੀ ਰੱਖਿਆਵਾਂ ਤੱਕ ਪਹੁੰਚ ਕਿਵੇਂ ਕਰਨੀ ਹੈ।

## ਰਣਨੀਤੀ ਨੂੰ ਲਾਗੂ ਕਰਨਾ

ਕੌਮੀ ਨਸਲਵਾਦ-ਵਿਰੋਧੀ ਰਣਨੀਤੀ ਨੂੰ ਤਿੰਨ ਸਾਲਾਂ ਦੇ ਅਰਸੇ ਦੌਰਾਨ ਪੜਾਵਾਂ ਵਿੱਚ ਲਾਗੂ ਕੀਤਾ ਜਾਵੇਗਾ।

**ਜੁਲਾਈ 2012 ਤੋਂ:** ਅਸੀਂ ਨਸਲਵਾਦ ਬਾਰੇ ਇੱਕ ਜਨਤਕ ਚੇਤਨਾ ਮੁਹਿੰਮ ਦਾ ਆਗਾਜ਼ ਕਰਾਂਗੇ। ਅਸੀਂ ਨਸਲਵਾਦ ਬਾਰੇ ਭਾਈਚਾਰਕ ਚੇਤਨਾ ਜਗਾਉਣ ਅਤੇ ਇਸਦੇ ਆਰਥਿਕ ਅਤੇ ਸਮਾਜਕ ਖ਼ਰਚਿਆਂ ਵਿੱਚ ਖੋਜ ਨੂੰ ਉਤਸ਼ਾਹਤ ਕਰਨ ‘ਤੇ ਧਿਆਨ ਕੇਂਦਰਤ ਕਰਾਂਗੇ। ਅਸੀਂ ਇਸ ਗੱਲ ਵੱਲ ਧਿਆਨ ਦੇਵਾਂਗੇ ਕਿ ਅਸੀਂ ਮੌਜੂਦਾ ਪਹਿਲਕਦਮੀਆਂ ਦਾ ਸਮਰਥਨ ਕਿਵੇਂ ਕਰ ਸਕਦੇ ਹਾਂ ਜੋ ਨਸਲਵਾਦ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਆਦਰ ਅਤੇ ਬਰਾਬਰਤਾ ਨੂੰ ਉਤਸ਼ਾਹਤ ਕਰਦੇ ਹਨ।

**ਜੁਲਾਈ 2013 ਤੋਂ:** ਅਸੀਂ ਨਸਲਵਾਦ-ਵਿਰੋਧੀ ਸਰੋਤਾਂ ਦੀ ਇੱਕ ਵੈੱਬਸਾਈਟ ਬਣਾਵਾਂਗੇ ਅਤੇ ਚੰਗੇ ਸਰੋਤਾਂ ਨੂੰ ਇਕੱਤਰ ਕਰਨਾ ਸ਼ੁਰੂ ਕਰਾਂਗੇ ਤਾਂ ਜੋ ਨਸਲਵਾਦ ਦੇ ਖਿਲਾਫ ਕਾਰਵਾਈ ਕਰਨ ਲਈ ਵਿਅਕਤੀ ਵਿਸ਼ੇਸ਼ਾਂ ਅਤੇ ਭਾਈਚਾਰਿਆਂ ਦਾ ਸਮਰਥਨ ਕੀਤਾ ਜਾ ਸਕੇ।

ਅਸੀਂ ਸਾਡੇ ਤਰਜੀਹੀ ਖੇਤਰਾਂ ਵਿੱਚ ਸੰਸਥਾਵਾਂ ਦੇ ਨਾਲ ਕੰਮ ਕਰਨਾ ਸ਼ੁਰੂ ਕਰਾਂਗੇ ਤਾਂ ਜੋ ਸੰਸਥਾਵਾਂ ਅਤੇ ਪ੍ਰਣਾਲੀਆਂ ਵਿੱਚ ਨਸਲਵਾਦ ਨੂੰ ਘੱਟ ਕਰਨ ਲਈ ਵਧੀਆ ਪਹਿਲਕਦਮੀਆਂ ਦੀ ਪਛਾਣ ਕੀਤੀ ਜਾ ਸਕੇ।
**ਜੁਲਾਈ 2014 ਤੋਂ:** ਸਾਡੇ ਵੱਲੋਂ ਇਕੱਤਰ ਕੀਤੇ ਅਤੇ ਵਿਕਸਤ ਕੀਤੇ ਸਰੋਤਾਂ ਦੀ ਵਰਤੋਂ ਕਰਕੇ, ਅਸੀਂ ਸਾਡੇ ਭਾਈਵਾਲਾਂ ਨਾਲ ਕੰਮ ਕਰਾਂਗੇ ਤਾਂ ਜੋ ਵਿਅਕਤੀ ਵਿਸ਼ੇਸ਼ਾਂ ਅਤੇ ਭਾਈਚਾਰਿਆਂ ਨੂੰ ਨਸਲਵਾਦ ਦਾ ਜਵਾਬ ਦੇਣ ਵਿੱਚ ਮਦਦ ਕੀਤੀ ਜਾ ਸਕੇ।

ਤਿੰਨ ਸਾਲਾਂ ਦੇ ਅੰਤ ‘ਤੇ, ਕੌਮੀ ਨਸਲਵਾਦ-ਵਿਰੋਧੀ ਰਣਨੀਤੀ ਦਾ ਮੁਲਾਂਕਣ ਕੀਤਾ ਜਾਵੇਗਾ।

## ਸੰਮਿਲਤ ਹੋਵੋ

ਕੌਮੀ ਨਸਲਵਾਦ-ਵਿਰੋਧੀ ਰਣਨੀਤੀ ਸਕੱਤਰੇਤ


ਫ਼ੋਨ: 02 9284 9600 ਜਾਂ 1800 620 241 (TTY)

ਈਮੇਲ ਕਰੋ: antiracismsecretariat@humanrights.gov.au

ਵੈੱਬ: www.humanrights.gov.au/antiracism

ਪਤਾ: GPO Box 5218
SYDNEY NSW 2001


ਆਸਟਰੇਲੀਆ ਦਾ ਮਨੁੱਖੀ ਅਧਿਕਾਰਾਂ ਲਈ ਕਮਿਸ਼ਨ ਉਹਨਾਂ ਲੋਕਾਂ ਵੱਲੋਂ ਮਿਲੀਆਂ ਸ਼ਿਕਾਇਤਾਂ ਨੂੰ ਹੱਲ ਕਰਦਾ ਹੈ ਜਿੰਨ੍ਹਾਂ ਨੇ ਨਸਲੀ ਭੇਦਭਾਵ ਨੂੰ ਹੰਢਾਇਆ ਹੈ।

ਭੇਦਭਾਵ ਬਾਰੇ ਅਤੇ ਤੁਹਾਡੇ ਅਧਿਕਾਰਾਂ ਬਾਰੇ ਮੁਫ਼ਤ ਸਲਾਹ ਵਾਸਤੇ ਜਾਂ ਕੋਈ ਸ਼ਿਕਾਇਤ ਕਰਨ ਵਾਸਤੇ, ਕਮਿਸ਼ਨ ਦੀ ਸ਼ਿਕਾਇਤਾਂ ਬਾਰੇ ਜਾਣਕਾਰੀ ਲਾਈਨ ਨੂੰ **02 9284 9888**, **1300 656 419** (ਸਥਾਨਕ ਕਾਲ) ਜਾਂ **1800 620 241** (TTY) ‘ਤੇ ਕਾਲ ਕਰੋ।

ਕੋਈ ਸ਼ਿਕਾਇਤ ਕਰਨ ਜਾਂ ਇਸਦਾ ਜਵਾਬ ਦੇਣ ਵਾਸਤੇ ਜਾਣਕਾਰੀ www.humanrights.gov.au ‘ਤੇ ਉਪਲਬਧ ਹੈ। ਤੁਸੀਂ ਕਮਿਸ਼ਨ ਨੂੰ ਇਸ ਪਤੇ ‘ਤੇ ਈਮੇਲ ਵੀ ਕਰ ਸਕਦੇ ਹੋ complaintsinfo@humanrights.gov.au।